# ਬਜਟ ਦੀ ਇਕ ਝਲਕ

Budget 2020–21

## ਮਿਹਨਤੀ ਆਸਟ੍ਰੇਲੀਆ ਵਾਸੀਆਂ ਵਾਸਤੇ ਘੱਟ ਟੈਕਸ

ਇਸ ਬਜਟ ਵਿੱਚ, ਆਰਥਿਕ ਮੁੜ-ਬਹਾਲੀ ਵਿੱਚ ਸਹਾਇਤਾ ਕਰਨ ਲਈ ਨਿੱਜੀ ਆਮਦਨ ਟੈਕਸ ਵਿੱਚ ਸਰਕਾਰ $17.8 ਬਿਲੀਅਨ ਦੀ ਵਾਧੂ ਅਦਾਇਗੀ ਕਰ ਰਹੀ ਹੈ, ਜਿਸ ਵਿੱਚ ਅਗਲੇ 12 ਮਹੀਨਿਆਂ ਦੌਰਾਨ $12.5 ਬਿਲੀਅਨ ਦੀ ਵਾਧੂ ਰਾਸ਼ੀ ਵੀ ਸ਼ਾਮਲ ਹੈ। ਇਹ ਨਿੱਜੀ ਆਮਦਨ ਟੈਕਸ ਯੋਜਨਾ ਵਾਲੇ ਪਹਿਲਾਂ ਤੋਂ ਹੀ ਪਾਸ ਹੋਏ ਕਾਨੂੰਨ ਦੇ ਅਧੀਨ 2020-21 ਦੇ ਮਾਲੀ ਸਾਲ ਲਈ ਅਦਾ ਕੀਤੀ ਜਾਣ ਵਾਲੀ ਟੈਕਸ ਰਾਹਤ ਵਿੱਚ $8.1 ਬਿਲੀਅਨ ਦੀ ਟੈਕਸ ਰਾਹਤ ਉੱਤੇ ਆਧਾਰਿਤ ਹੈ।

ਸਰਕਾਰ ਦੀਆਂ ਤਬਦੀਲੀਆਂ ਦੇ ਅਧੀਨ, ਆਪਣੀ ਯੋਜਨਾ ਦੇ ਪੜਾਅ 2 ਵਿੱਚ ਟੈਕਸ ਕਟੌਤੀਆਂ ਨੂੰ ਅੱਗੇ ਲਿਆਉਣ ਅਤੇ ਨਾਲ ਹੀ 2020-21 ਵਿੱਚ ਘੱਟ ਅਤੇ ਮੱਧ-ਆਮਦਨ ਟੈਕਸ ਆਫਸੈੱਟ ਤੋਂ ਵਿਅਕਤੀਆਂ ਨੂੰ ਇਕ ਵਾਰੀ ਦਾ ਵਾਧੂ ਲਾਭ ਪ੍ਰਾਪਤ ਹੋਵੇਗਾ।

## ਰਿਹਾਇਸ਼ੀ ਉਸਾਰੀ ਨੂੰ ਸਹਿਯੋਗ ਕਰਨਾ

ਨੌਕਰੀਆਂ ਦੀ ਸਿਰਜਣਾ ਕਰਨ, ਸਾਡੀ ਆਰਥਿਕਤਾ ਦਾ ਮੁੜ-ਨਿਰਮਾਣ ਕਰਨ ਅਤੇ ਆਸਟ੍ਰੇਲੀਆ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਸਾਡੀ ਆਰਥਿਕ ਮੁੜ-ਬਹਾਲੀ ਯੋਜਨਾ ਦੇ ਹਿੱਸੇ ਵਜੋਂ, ਪਹਿਲੇ ਘਰ ਲਈ ਕਰਜ਼ੇ ਵਾਸਤੇ ਡਿਪਾਜ਼ਿਟ ਸਕੀਮ ਦੇ ਵਿਸਥਾਰ ਦੇ ਅਧੀਨ ਪਹਿਲੇ ਘਰ ਦੇ 10,000 ਹੋਰ ਖਰੀਦਦਾਰ ਜਲਦੀ ਹੀ ਨਵਾਂ ਘਰ ਖਰੀਦਣ ਦੇ ਯੋਗ ਹੋਣਗੇ।

ਨਵੇਂ ਘਰ ਜਾਂ ਨਵੇਂ ਬਣ ਰਹੇ ਘਰ ਦੀ ਖਰੀਦ ਵਿੱਚ ਸਹਾਇਤਾ ਕਰਨ ਲਈ 2020-21 ਵਿੱਚ 10,000 ਹੋਰ ਸਥਾਨ ਪ੍ਰਦਾਨ ਕੀਤੇ ਜਾਣਗੇ। ਇਸ ਨਾਲ ਪਹਿਲੇ ਘਰ ਵਾਲੇ ਖਰੀਦਦਾਰਾਂ ਨੂੰ ਨਵਾਂ ਘਰ ਬਨਾਉਣ ਜਾਂ ਨਵੇਂ ਬਣੇ ਘਰ ਖਰੀਦਣ ਲਈ 5 ਪ੍ਰਤੀਸ਼ਤ ਵਰਗੇ ਘੱਟ ਜਮ੍ਹਾਂ ਰਾਸ਼ੀ ਵਾਲੇ ਕਰਜ਼ੇ ਹਾਸਲ ਕਰਨ ਦੀ ਆਗਿਆ ਹੋਵੇਗੀ, ਜਦ ਕਿ ਸਰਕਾਰ ਕਰਜ਼ੇ ਦੀ 15 ਪ੍ਰਤੀਸ਼ਤ ਤੱਕ ਗਰੰਟੀ ਦੇਵੇਗੀ।

## ਬੁਨਿਆਦੀ ਢਾਂਚੇ ਵਿੱਚ ਨਿਵੇਸ਼

COVID-19 ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਲੈ ਕੇ ਸਰਕਾਰ ਨੇ ਅਗਲੇ ਚਾਰ ਸਾਲਾਂ ਦੌਰਾਨ ਨਵੇਂ ਅਤੇ ਤੇਜ਼ੀ ਨਾਲ ਬਣਨ ਵਾਲੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਵਿੱਚ $14 ਬਿਲੀਅਨ ਦਾ ਵਾਧੂ ਨਿਵੇਸ਼ ਕਰਨ ਦੀ ਵਚਨਬੱਧਤਾ ਪ੍ਰਗਟਾਈ ਹੈ। ਇਹ ਪ੍ਰੋਜੈਕਟ ਉਹਨਾਂ ਦੇ ਨਿਰਮਾਣ ਦੌਰਾਨ 40,000 ਹੋਰ ਨੌਕਰੀਆਂ ਪੈਦਾ ਕਰਨਗੇ।

ਇਹ ਨਿਵੇਸ਼ ਸਰਕਾਰ ਦੀ ਰਿਕਾਰਡ 10-ਸਾਲਾਂ ਦੀ ਟਰਾਂਸਪੋਰਟ ਬੁਨਿਆਦੀ ਢਾਂਚੇ ਦੇ ਨਿਵੇਸ਼ ਵਾਸਤੇ ਭਵਿੱਖ ਦੀਆਂ ਯੋਜਨਾਵਾਂ ਦਾ ਹਿੱਸਾ ਹੈ, ਜਿਸ ਦਾ ਵਿਸਥਾਰ $110 ਬਿਲੀਅਨ ਤੱਕ ਕੀਤਾ ਗਿਆ ਹੈ ਅਤੇ ਇਹ ਪਹਿਲਾਂ ਹੀ ਦੇਸ਼ ਭਰ ਵਿੱਚ ਕੰਮ ਵਾਲੀਆਂ ਜਗ੍ਹਾਵਾਂ ਉੱਤੇ 100,000 ਨੌਕਰੀਆਂ ਵਿੱਚ ਸਹਿਯੋਗ ਕਰ ਰਿਹਾ ਹੈ।

## ਕਾਰੋਬਾਰਾਂ ਅਤੇ ਨਿਵੇਸ਼ ਦਾ ਸਹਿਯੋਗ ਕਰਨਾ

ਨਵੇਂ ਨਿਵੇਸ਼ ਦਾ ਸਹਿਯੋਗ ਕਰਨ ਅਤੇ ਕਾਰੋਬਾਰੀ ਨਕਦੀ ਪ੍ਰਵਾਹ ਨੂੰ ਵਧਾਉਣ ਲਈ, ਸਰਕਾਰ ਇਕ ਅਸਥਾਈ ਟੈਕਸ ਉਤਸ਼ਾਹ ਪ੍ਰਦਾਨ ਕਰ ਰਹੀ ਹੈ, ਜੋ ਲੱਗਭੱਗ 3.5 ਮਿਲੀਅਨ ਕਾਰੋਬਾਰਾਂ (99 ਪ੍ਰਤੀਸ਼ਤ ਤੋਂ ਵੱਧ ਕਾਰੋਬਾਰਾਂ) ਵਾਸਤੇ ਉਪਲਬਧ ਹੋਵੇਗੀ, ਜੋ ਲਗਭਗ 11.5 ਮਿਲੀਅਨ ਕਾਮਿਆਂ ਨੂੰ ਰੁਜ਼ਗਾਰ ਦਿੰਦੇ ਹਨ। ਇਹ ਉਤਸ਼ਾਹ ਲੱਗਭੱਗ $200 ਬਿਲੀਅਨ ਦੇ ਨਿਵੇਸ਼ ਉੱਤੇ ਲਾਗੂ ਹੋਵੇਗਾ, ਜਿਸ ਵਿੱਚ ਗੈਰ-ਖਣਿੱਜ ਵਾਲੇ ਕਾਰੋਬਾਰਾਂ ਦੁਆਰਾ ਜਾਇਦਾਦਾਂ ਦੇ ਘਟਾਏ ਮੁੱਲ ਵਿੱਚ 80 ਪ੍ਰਤੀਸ਼ਤ ਨਿਵੇਸ਼ ਸ਼ਾਮਲ ਹੈ। 6 ਅਕਤੂਬਰ 2020 ਨੂੰ ਸ਼ਾਮ 7:30 ਵਜੇ (AEDT) ਤੋਂ ਲੈ ਕੇ 30 ਜੂਨ 2022 ਤੱਕ, $5 ਬਿਲੀਅਨ ਤੱਕ ਦੇ ਕੁੱਲ ਆਮਦਨ ਵਾਲੇ ਕਾਰੋਬਾਰ ਉਸ ਸਾਲ ਵਿੱਚ ਕਿਸੇ ਵੀ ਮੁੱਲ ਦੀਆਂ ਜਾਇਦਾਦਾਂ ਦੇ ਘਟਾਏ ਮੁੱਲ ਦੀ ਸੰਪੂਰਨ ਲਾਗਤ ਨੂੰ ਕੱਟਣ ਦੇ ਯੋਗ ਹੋਣਗੇ, ਜਦੋਂ ਉਹਨਾਂ ਨੂੰ ਸਥਾਪਤ ਕੀਤਾ ਜਾਂਦਾ ਹੈ। ਇਸ ਮਿਆਦ ਦੌਰਾਨ ਜਾਇਦਾਦਾਂ ਦੇ ਘਟਾਏ ਮੁੱਲ ਵਾਲੀਆਂ ਮੌਜੂਦਾ ਯੋਗ ਸੰਪਤੀਆਂ ਵਿੱਚ ਸੁਧਾਰਾਂ ਦੀ ਲਾਗਤ ਨੂੰ ਵੀ ਪੂਰੀ ਤਰ੍ਹਾਂ ਕੱਟਿਆ ਜਾ ਸਕਦਾ ਹੈ।

ਟੈਕਸ ਵਾਪਸੀ (ਰੀਫੰਡ) ਵਾਸਤੇ, ਸਰਕਾਰ 5 ਬਿਲੀਅਨ ਡਾਲਰ ਤੱਕ ਦੇ ਕੁੱਲ ਆਮਦਨ ਵਾਲੀਆਂ ਕੰਪਨੀਆਂ ਨੂੰ ਪਿਛਲੇ ਲਾਭਾਂ ਦੇ ਮੁਕਾਬਲੇ ਘਾਟੇ ਨੂੰ ਪੂਰਾ ਕਰਨ ਦੀ ਆਗਿਆ ਦੇਵੇਗੀ, ਜਿਸ ਉੱਤੇ ਟੈਕਸ ਦਿੱਤਾ ਗਿਆ ਹੈ। ਘਾਟੇ ਨੂੰ ਪਿਛਾਂਹ ਨੂੰ ਲਿਜਾਣਾ ਲੱਗਭੱਗ 1 ਮਿਲੀਅਨ ਕੰਪਨੀਆਂ ਨੂੰ ਉਪਲਬਧ ਹੋਵੇਗਾ ਜੋ 8.8 ਮਿਲੀਅਨ ਤੱਕ ਕਾਮਿਆਂ ਨੂੰ ਰੁਜ਼ਗਾਰ ਦਿੰਦੀਆਂ ਹਨ। 2021-22 ਤੱਕ ਹੋਏ ਨੁਕਸਾਨ ਨੂੰ 2018-19 ਵਿੱਚ ਜਾਂ ਬਾਅਦ ਵਿੱਚ ਕਮਾਏ ਗਏ ਲਾਭਾਂ ਦੇ ਮੁਕਾਬਲੇ ਵਾਪਸ ਲਿਜਾਇਆ ਜਾ ਸਕਦਾ ਹੈ। ਯੋਗ ਕੰਪਨੀਆਂ ਆਪਣੀਆਂ 2020-21 ਅਤੇ 2021-22 ਟੈਕਸ ਰਿਟਰਨਾਂ ਦਾਖਲ ਕਰਨ ਉੱਤੇ ਟੈਕਸ ਵਾਪਸ (ਰੀਫੰਡ) ਪ੍ਰਾਪਤ ਕਰਨ ਦੀ ਚੋਣ ਕਰ ਸਕਦੀਆਂ ਹਨ।

## ਡਿਜ਼ਿਟਲ ਆਸਟ੍ਰੇਲੀਆ

COVID-19 ਮਹਾਂਮਾਰੀ ਨੇ ਆਸਟ੍ਰੇਲੀਆ ਦੇ ਕਾਰੋਬਾਰਾਂ ਅਤੇ ਖਪਤਕਾਰਾਂ ਦੁਆਰਾ ਡਿਜ਼ਿਟਲ ਤਕਨਾਲੋਜੀਆਂ ਨੂੰ ਅਪਨਾਉਣ ਵਿੱਚ ਤੇਜ਼ੀ ਲਿਆਂਦੀ ਹੈ, ਜਿਸ ਨੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਕੰਮਾਂ ਵਿੱਚ ਤਬਦੀਲੀ ਕਰਨ ਅਤੇ ਸੰਕਟ ਵਿੱਚੋਂ ਲੰਘਣ ਦੇ ਦੌਰਾਨ ਕਾਰੋਬਾਰ ਨੂੰ ਜਾਰੀ ਰੱਖਣ ਦੇ ਯੋਗ ਬਣਾਇਆ ਹੈ।

ਸਰਕਾਰ ਦੀ ਡਿਜ਼ਿਟਲ ਕਾਰੋਬਾਰੀ ਯੋਜਨਾ ਇਸ ਗਤੀ ਉੱਤੇ ਉਸਾਰੀ ਕਰੇਗੀ ਤਾਂ ਜੋ ਸਾਰੇ ਅਰਥਚਾਰੇ ਵਿੱਚ ਨਵੀਆਂ ਤਕਨਾਲੋਜੀਆਂ ਨੂੰ ਵਧੇਰੇ ਅਪਨਾਉਣ ਵਿੱਚ ਸਹਾਇਤਾ ਕੀਤੀ ਜਾ ਸਕੇ – ਕਾਰੋਬਾਰਾਂ ਅਤੇ ਖਪਤਕਾਰਾਂ ਦੋਨਾਂ ਦੁਆਰਾ।

NBN Co ਵਿੱਚ $4.5 ਬਿਲੀਅਨ ਦਾ ਵਾਧੂ ਨਿਵੇਸ਼ ਲੱਖਾਂ ਪਰਿਵਾਰਾਂ ਅਤੇ ਕਾਰੋਬਾਰਾਂ ਵਾਸਤੇ ਅਲਟਰਾ-ਫਾਸਟ ਬਰੌਡਬੈਂਡ ਲਿਆਵੇਗਾ। $29.2 ਮਿਲੀਅਨ ਦੀ ਫੰਡਿੰਗ 5ਜੀ ਨੈੱਟਵਰਕ ਦੇ ਵਿਛਾਉਣ ਨੂੰ ਵੀ ਤੇਜ਼ ਕਰੇਗੀ।

## ਕਾਰੋਬਾਰ ਕਰਨ ਦੀ ਸੌਖਿਆਈ ਵਿੱਚ ਸੁਧਾਰ ਕਰਨਾ

ਆਸਟ੍ਰੇਲੀਆ ਵਾਸਤੇ ਲਾਲ ਫੀਤਾਸ਼ਾਹੀ ਨੂੰ ਕੱਟਣਾ, ਸਰਕਾਰ ਦੀ ਆਰਥਿਕ ਮੁੜ-ਬਹਾਲੀ ਯੋਜਨਾ ਦਾ ਇਕ ਮੁੱਖ ਹਿੱਸਾ ਹੈ। ਇਸੇ ਕਰਕੇ ਸਰਕਾਰ ਕਾਰੋਬਾਰਾਂ ਲਈ ਨਿਵੇਸ਼ ਕਰਨਾ, ਨੌਕਰੀਆਂ ਪੈਦਾ ਕਰਨਾ, ਚੁਣੌਤੀਆਂ ਦਾ ਤੇਜ਼ੀ ਨਾਲ ਹੁੰਗਾਰਾ ਭਰਨ ਅਤੇ ਮੌਕਿਆਂ ਨੂੰ ਹਾਸਲ ਕਰਨ ਨੂੰ ਵਧੇਰੇ ਆਸਾਨ ਬਣਾ ਰਹੀ ਹੈ।

ਇਸ ਬਜਟ ਵਿੱਚ, ਸਰਕਾਰ ਇਹ ਕਰੇਗੀ:

- ਨਿਗਰਾਨੀ ਕਿਰਿਆਵਾਂ ਦੀ ਵਿਆਪਕ ਲੜੀ ਨੂੰ ਸੁਚਾਰੂ ਬਣਾਉਣਾ ਅਤੇ ਡਿਜ਼ਿਟਲ ਵਿੱਚ ਲਿਆਉਣਾ
- ਨਿਗਰਾਨੀ ਨੂੰ ਘੱਟ ਕਰਨਾ ਜੋ ਗੈਰ-ਜ਼ਰੂਰੀ ਲਾਗਤਾਂ ਨੂੰ ਲਾਗੂ ਕਰਦੀ ਹੈ ਅਤੇ ਕਾਰੋਬਾਰੀ ਸਰਗਰਮੀ ਵਿੱਚ ਰੁਕਾਵਟ ਪਾਉਂਦੀ ਹੈ
- ਮੁੜ-ਬਹਾਲੀ ਰਾਹੀਂ ਛੋਟੇ ਕਾਰੋਬਾਰਾਂ ਦਾ ਸਹਿਯੋਗ ਕਰਨਾ

## ਜੌਬਮੇਕਰ ਹਾਇਰਿੰਗ ਕਰੈਡਿਟ

ਸਰਕਾਰ ਦਾ ਨਵਾਂ ਜੌਬਮੇਕਰ ਹਾਇਰਿੰਗ ਕਰੈਡਿਟ 16 ਤੋਂ 35 ਸਾਲਾਂ ਦੀ ਉਮਰ ਦੇ ਨੌਕਰੀਆਂ ਦੇ ਚਾਹਵਾਨ ਨੌਜਵਾਨਾਂ ਨੂੰ ਨੌਕਰੀ ਉੱਤੇ ਰੱਖਣ ਲਈ ਕਾਰੋਬਾਰਾਂ ਨੂੰ ਉਤਸ਼ਾਹ ਦੇਣ ਦੁਆਰਾ ਮੁੜ-ਬਹਾਲੀ ਦੇ ਦੌਰਾਨ ਰੁਜ਼ਗਾਰ ਵਿੱਚ ਵਾਧੇ ਨੂੰ ਤੇਜ਼ ਕਰਨ ਵਿੱਚ ਮਦਦ ਕਰੇਗਾ। ਜੌਬਮੇਕਰ ਹਾਇਰਿੰਗ ਕਰੈਡਿਟ ਆਸਟ੍ਰੇਲੀਆ ਦੀ ਆਰਥਿਕ ਮੁੜ-ਬਹਾਲੀ ਨੂੰ ਵਧਾਉਣ ਲਈ ਸਰਕਾਰ ਦੀ ਜੌਬਮੇਕਰ ਯੋਜਨਾ ਦਾ ਇਕ ਮੁੱਖ ਹਿੱਸਾ ਹੈ।

ਅੰਦਾਜ਼ਾ ਹੈ ਕਿ ਜੌਬਮੇਕਰ ਹਾਇਰਿੰਗ ਕਰੈਡਿਟ **ਨੌਜਵਾਨ ਲੋਕਾਂ ਵਾਸਤੇ ਲਗਭਗ 450,000 ਨੌਕਰੀਆਂ ਵਿੱਚ ਸਹਿਯੋਗ ਕਰੇਗਾ** ਅਤੇ 2020-21 ਤੋਂ 2022-23 ਤੱਕ $4 ਬਿਲੀਅਨ ਦੀ ਲਾਗਤ ਆਏਗੀ।

## ਸਿੱਖਿਆ, ਹੁਨਰਾਂ ਅਤੇ ਅਪਰੈਂਟਿਸਸ਼ਿੱਪਾਂ ਵਿੱਚ ਨਿਵੇਸ਼ ਕਰਨਾ

ਸਰਕਾਰ ਆਪਣੀ ਜੌਬਮੇਕਰ ਯੋਜਨਾ ਦੇ ਹਿੱਸੇ ਵਜੋਂ ਹੁਨਰਾਂ ਦੇ ਵਿਕਾਸ ਨੂੰ ਇਕ ਉੱਚ ਤਰਜੀਹ ਬਣਾ ਰਹੀ ਹੈ। ਸਰਕਾਰ ਦੀ ਵਚਨਬੱਧਤਾ ਲੋਕਾਂ ਨੂੰ ਨੌਕਰੀਆਂ ਵਿੱਚ ਲਿਆਉਣ ਵਿੱਚ ਸਹਾਇਤਾ ਕਰੇਗੀ ਅਤੇ ਇਹ ਯਕੀਨੀ ਬਣਾਵੇਗੀ ਕਿ ਆਸਟ੍ਰੇਲੀਆ ਦੇ ਲੋਕਾਂ ਕੋਲ ਭਵਿੱਖ ਦੀਆਂ ਨੌਕਰੀਆਂ ਵਾਸਤੇ ਸਹੀ ਹੁਨਰ ਹੋਣ।

- ਜੌਬਟ੍ਰੇਨਰ - ਆਸਟ੍ਰੇਲੀਆ ਦੇ ਕਾਰਜਬਲਾਂ ਵਿੱਚ ਵਾਧਾ ਕਰਨਾ
- ਮੁੜ-ਬਹਾਲੀ ਵਿੱਚ ਮਦਦ ਕਰਨ ਲਈ ਨਵੀਆਂ ਅਪਰੈਂਟਿਸਸ਼ਿੱਪਾਂ
- ਨੌਕਰੀ ਦੇ ਚਾਹਵਾਨਾਂ ਲਈ ਸਹਾਇਤਾ
- ਨੌਕਰੀ ਲਈ ਤਿਆਰ ਵਧੇਰੇ ਗਰੈਜੂਏਟ
- ਆਸਟ੍ਰੇਲੀਆ ਵਾਸੀਆਂ ਨੂੰ ਮੁੜ-ਹੁਨਰ ਅਤੇ ਉੱਚ-ਹੁਨਰ ਦੇਣ ਲਈ ਛੋਟੇ ਕੋਰਸ

## ਔਰਤਾਂ ਲਈ ਆਰਥਿਕ ਸੁਰੱਖਿਆ ਦੀ ਅਦਾਇਗੀ ਕਰਨਾ

ਸਰਕਾਰ ਔਰਤਾਂ ਦੀ ਕਾਰਜਬਲਾਂ ਵਿੱਚ ਹਿੱਸੇਦਾਰੀ ਨੂੰ ਵਧਾਉਣ, ਕਮਾਈ ਦੀ ਸਮਰੱਥਾ ਵਿੱਚ ਸੁਧਾਰ ਕਰਨ ਅਤੇ ਆਰਥਿਕ ਸੁਤੰਤਰਤਾ ਵਿੱਚ ਵਾਧਾ ਕਰਨ ਲਈ 2020 ਔਰਤਾਂ ਦੀ ਆਰਥਿਕ ਸੁਰੱਖਿਆ ਬਿਆਨ ਦੇ ਰਹੀ ਹੈ। $240.4 ਮਿਲੀਅਨ ਦਾ ਪੈਕੇਜ ਰੁਜ਼ਗਾਰ ਦੇ ਮੌਕਿਆਂ, ਮਾਪਿਆਂ ਨੂੰ ਸਹਾਇਤਾ ਅਤੇ ਕੰਮ ਦੀ ਜਗ੍ਹਾ ਵਿੱਚ ਔਰਤਾਂ ਵਾਸਤੇ ਸਹਾਇਤਾ ਦੀ ਅਦਾਇਗੀ ਕਰੇਗਾ।

ਇਸ ਵਿੱਚ ਔਰਤਾਂ ਦੀ ਅਗਵਾਈ ਅਤੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਰੁਜ਼ਗਾਰ ਪ੍ਰੋਗਰਾਮ, ਅਤੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (STEM), ਕਾਰੋਬਾਰ ਅਤੇ ਪੁਰਸ਼-ਪ੍ਰਧਾਨ ਉਦਯੋਗਾਂ ਵਿੱਚ ਔਰਤਾਂ ਵਾਸਤੇ ਮੌਕਿਆਂ ਵਿੱਚ ਵਾਧਾ ਕਰਨਾ ਸ਼ਾਮਲ ਹੈ।

## ਨਿਰਮਾਣ ਤੇ ਖੋਜ ਅਤੇ ਵਿਕਾਸ ਦਾ ਸਹਿਯੋਗ ਕਰਨਾ

COVID-19 ਮਹਾਂਮਾਰੀ ਨੇ ਇਕ ਲਚਕਦਾਰ, ਅਨੁਕੂਲਣਯੋਗ ਅਤੇ ਨਵੀਨਤਾਕਾਰੀ ਨਿਰਮਾਣ ਸਮਰੱਥਾ ਹੋਣ ਅਤੇ ਸਮਾਨ ਦੀ ਪੂਰਤੀ ਵਾਲੀਆਂ ਲੜੀਆਂ ਦੀ ਅਹਿਮ ਮਹੱਤਤਾ ਉੱਤੇ ਚਾਨਣਾ ਪਾਇਆ ਹੈ।

ਸਰਕਾਰ ਦੀ $1.5 ਬਿਲੀਅਨ ਦੀ ਆਧੁਨਿਕ ਨਿਰਮਾਣ ਰਣਨੀਤੀ ਆਸਟ੍ਰੇਲੀਆ ਦੀ ਆਰਥਿਕ ਮੁੜ-ਬਹਾਲੀ ਵਿੱਚ ਸਹਿਯੋਗ ਕਰਨ ਲਈ ਇਕ ਲੰਬੀ-ਮਿਆਦ ਦੀ ਯੋਜਨਾ ਹੈ।

ਸਰਕਾਰ ਖੋਜ ਅਤੇ ਵਿਕਾਸ ਟੈਕਸ ਉਤਸ਼ਾਹ ਰਾਹੀਂ $2 ਬਿਲੀਅਨ ਦਾ ਵਾਧੂ ਨਿਵੇਸ਼ ਕਰ ਰਹੀ ਹੈ।

## ਊਰਜਾ ਸੁਰੱਖਿਆ ਅਤੇ ਬਾਜ਼ਾਰ ਵਿੱਚ ਸੁਧਾਰ

ਰਾਸ਼ਟਰੀ ਪੱਧਰ ਉੱਤੇ, ਦਸੰਬਰ 2018 ਤੋਂ ਲੈ ਕੇ ਘਰੇਲੂ ਬਿਜਲੀ ਦੀਆਂ ਕੀਮਤਾਂ ਵਿੱਚ 4.7 ਪ੍ਰਤੀਸ਼ਤ ਦੀ ਕਮੀ ਆਈ

ਹੈ, ਜਦ ਕਿ ਪਿਛਲੇ 12 ਮਹੀਨਿਆਂ ਦੌਰਾਨ ਥੋਕ ਬਿਜਲੀ ਦੀਆਂ ਕੀਮਤਾਂ ਘੱਟ ਗਈਆਂ ਹਨ। ਘੱਟ ਕੀਮਤਾਂ ਨੂੰ ਬਣਾਈ ਰੱਖਣ ਲਈ, ਸਰਕਾਰ ਭੇਜਣਯੋਗ ਊਰਜਾ ਪੈਦਾ ਕਰਨ ਦੀ ਸਮਰੱਥਾ ਨੂੰ ਵਧਾਉਣ ਲਈ ਨਿੱਜੀ ਪ੍ਰਦਾਤਿਆਂ ਨਾਲ ਕੰਮ ਕਰੇਗੀ, ਅਤੇ ਰਾਸ਼ਟਰੀ ਕੈਬਨਿਟ ਇਕ ਸੁਯੋਗ ਅਤੇ ਏਕੀਕਿਰਤ ਪ੍ਰਣਾਲੀ ਨੂੰ ਯਕੀਨੀ ਬਣਾਏਗੀ।

ਸਰਕਾਰ ਕੀਮਤਾਂ ਨੂੰ ਘੱਟ ਰੱਖਣ, ਨਵੀਆਂ ਨੌਕਰੀਆਂ ਪੈਦਾ ਕਰਨ ਅਤੇ ਸਥਾਨਕ ਉਦਯੋਗਾਂ ਦੀ ਸਹਾਇਤਾ ਕਰਨ ਲਈ ਆਸਟ੍ਰੇਲੀਆ ਦੀਆਂ ਬਿਜਲੀ, ਈਂਧਨ ਅਤੇ ਗੈਸ ਸਪਲਾਈਆਂ ਨੂੰ ਸੁਰੱਖਿਅਤ ਬਣਾ ਰਹੀ ਹੈ।

## ਲਚਕਦਾਰ ਖੇਤਰਾਂ ਦਾ ਸਹਿਯੋਗ ਕਰਨਾ

ਸਰਕਾਰ ਦਿਹਾਤੀ ਆਸਟ੍ਰੇਲੀਆ ਦੇ ਨਾਲ ਖੜ੍ਹੀ ਹੈ ਜਿਸਨੇ ਹੜ੍ਹ, ਅੱਗ, ਸੋਕੇ ਅਤੇ ਹੁਣ, COVID-19 ਨੂੰ ਸਹਿਣ ਕੀਤਾ ਹੈ। $550 ਮਿਲੀਅਨ ਤੋਂ ਵਧੇਰੇ ਦੇ ਦਿਹਾਤੀ ਪੈਕੇਜ ਰਾਹੀਂ ਸਰਕਾਰ ਨੇ COVID-19 ਦੇ ਪ੍ਰਭਾਵਾਂ ਤੋਂ ਮੁੜ-ਬਹਾਲੀ ਲਈ ਸਾਡੇ ਦਿਹਾਤੀ ਖੇਤਰਾਂ ਦੀ ਸਹਾਇਤਾ ਕਰੇਗੀ। ਇਹ $1 ਬਿਲੀਅਨ COVID-19 ਰਾਹਤ ਅਤੇ ਮੁੜ-ਬਹਾਲੀ ਫੰਡ ਰਾਹੀਂ ਪ੍ਰਦਾਨ ਕੀਤੀ ਸਹਾਇਤਾ ਉੱਤੇ ਆਧਾਰਿਤ ਹੈ।

## ਇਕ ਵਧੇਰੇ ਸੁਰੱਖਿਅਤ ਅਤੇ ਲਚਕਦਾਰ ਆਸਟ੍ਰੇਲੀਆ

ਸਰਕਾਰ 21ਵੀਂ ਸਦੀ ਲਈ ਪਾਣੀ ਦਾ ਬੁਨਿਆਦੀ ਢਾਂਚਾ ਬਣਾ ਰਹੀ ਹੈ, ਜੋ ਸਾਡੀ ਪਾਣੀ ਦੀ ਸੁਰੱਖਿਆ ਨੂੰ ਵਧਾਉਣ, ਦਿਹਾਤੀ ਖੇਤਰ ਨੂੰ ਲਚਕਦਾਰ ਬਨਾਉਣ, ਨੌਕਰੀਆਂ ਪੈਦਾ ਕਰਨ ਅਤੇ ਸਾਡੇ ਮਹੱਤਵਪੂਰਣ ਖੇਤੀਬਾੜੀ ਖੇਤਰ ਨੂੰ ਵਧਾਉਣ ਵਿੱਚ ਮਦਦ ਕਰ ਰਹੀ ਹੈ। ਪਾਣੀ ਦੇ ਬੁਨਿਆਦੀ ਢਾਂਚੇ ਦੇ ਰਾਸ਼ਟਰੀ ਵਿਕਾਸ ਫੰਡ ਅਧੀਨ ਨਵੇਂ ਪ੍ਰੋਜੈਕਟਾਂ ਲਈ $2 ਬਿਲੀਅਨ ਦਾ ਨਿਵੇਸ਼ ਗਰਿੱਡ ਦੇ ਰਾਹੀਂ ਪਾਣੀ ਦੇ ਢਾਂਚੇ ਦੀ ਅਗਲੀ ਪੀੜ੍ਹੀ ਨੂੰ ਸਹਾਇਤਾ ਕਰੇਗਾ।

ਸਰਕਾਰ ਮੱਰੇਅ-ਡਾਰਲਿੰਗ ਭਾਈਚਾਰੇ ਦੇ ਨਿਵੇਸ਼ ਪੈਕੇਜ ਵਿੱਚ $270 ਮਿਲੀਅਨ ਦਾ ਨਿਵੇਸ਼ ਵੀ ਕਰ ਰਹੀ ਹੈ ਜੋ ਦਿਹਾਤੀ ਖੇਤਰ ਦੇ ਵਿਕਾਸ ਦਾ ਸਹਿਯੋਗ ਕਰਦੇ ਹੋਏ ਬੇਸਿਨ ਦੀ ਸਿਹਤ ਵਿੱਚ ਸੁਧਾਰ ਕਰੇਗਾ।

ਇਹ ਯਕੀਨੀ ਬਨਾਉਣ ਲਈ ਕਿ ਉੱਤਰੀ ਆਸਟ੍ਰੇਲੀਆ ਨੂੰ ਜ਼ਰੂਰੀ ਸੇਵਾਵਾਂ ਵਿੱਚ ਸਹਿਯੋਗ ਮਿਲਦਾ ਰਹੇ, ਬੁਨਿਆਦੀ ਢਾਂਚੇ ਤੋਂ ਲਾਭ ਲੈਣਾ ਜਾਰੀ ਰੱਖਿਆ ਜਾ ਸਕਦਾ ਹੈ, ਸਰਕਾਰ ਨੇ ਉੱਤਰੀ ਆਸਟ੍ਰੇਲੀਆ ਬੁਨਿਆਦੀ ਢਾਂਚਾ ਸੁਵਿਧਾ (NAIF) ਨੂੰ ਪੰਜ ਸਾਲਾਂ ਵਾਸਤੇ, ਜੂਨ 2026 ਤੱਕ ਵਧਾ ਦਿੱਤਾ ਹੈ, ਅਤੇ ਆਪਣੇ ਉਧਾਰ ਦੇਣ ਦੇ ਮਾਪਦੰਡਾਂ ਦਾ ਵਿਸਥਾਰ ਕੀਤਾ ਹੈ।

## ਸਾਡੇ ਵਾਤਾਵਰਣ ਦੀ ਰੱਖਿਆ ਕਰਨਾ

ਸਰਕਾਰ ਸਾਡੇ ਸਮੁੰਦਰਾਂ ਦੀ ਰੱਖਿਆ ਕਰਨ ਅਤੇ ਉਹਨਾਂ ਦੀ ਸਿਹਤ ਨੂੰ ਬਹਾਲ ਕਰਨ ਲਈ $47.4 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ ਅਤੇ ਰਾਸ਼ਟਰਮੰਡਲ ਜ਼ਮੀਨ ਉੱਤੇ ਰਸਾਇਣਿਕ ਦੂਸ਼ਿਤਪੁਣੇ ਦੇ ਖਤਰੇ ਨੂੰ ਘੱਟ ਕਰਨ ਲਈ $29.1 ਮਿਲੀਅਨ ਦੀ ਵਚਨਬੱਧਤਾ ਕਰ ਰਹੀ ਹੈ।

ਸਰਕਾਰ ਦੋਬਾਰਾ ਵਰਤੋਂ (ਰੀਸਾਈਕਲਿੰਗ) ਢਾਂਚੇ ਦਾ ਆਧੁਨਿਕੀਕਰਨ ਕਰਨ, ਕੂੜੇ ਨੂੰ ਘੱਟ ਕਰਨ ਅਤੇ ਆਸਟ੍ਰੇਲੀਆ ਦੇ ਅੰਦਰ ਵਧੇਰੇ ਦੋਬਾਰਾ ਵਰਤਣ ਲਈ ਚਾਰ ਸਾਲਾਂ ਦੌਰਾਨ $249.6 ਮਿਲੀਅਨ ਦਾ ਨਿਵੇਸ਼ ਕਰੇਗੀ।

## COVID-19 ਦੀ ਰੋਕਥਾਮ ਕਰਨਾ, ਪਛਾਣ ਕਰਨਾ ਅਤੇ ਇਲਾਜ ਕਰਨਾ

ਇਸ ਬਜਟ ਵਿੱਚ, ਸਰਕਾਰ ਕਈ ਸਾਰੇ ਸਿਹਤ ਉਪਾਵਾਂ ਵਾਸਤੇ $4.9 ਬਿਲੀਅਨ ਦਾ ਨਿਵੇਸ਼ ਕਰ ਰਹੀ ਹੈ, ਜੋ ਇਹ ਯਕੀਨੀ ਬਣਾਉਂਦੇ ਹਨ ਕਿ ਆਸਟ੍ਰੇਲੀਆ ਦੇ ਲੋਕ ਮਹਾਂਮਾਰੀ ਦੌਰਾਨ ਉਹਨਾਂ ਨੂੰ ਲੋੜੀਂਦੀ ਡਾਕਟਰੀ ਸੰਭਾਲ ਅਤੇ ਸਹਾਇਤਾ ਪ੍ਰਾਪਤ ਕਰਨਾ ਜਾਰੀ ਰੱਖ ਰਹੇ ਹਨ। ਲਚਕਦਾਰ ਅਤੇ ਵਧਾਈ ਜਾ ਸਕਣ ਵਾਲੀ ਪ੍ਰਤੀਕਿਰਿਆ ਸਿਹਤ ਪ੍ਰਣਾਲੀ ਨੂੰ ਹੁੰਗਾਰਾ ਭਰਨ ਦੇ ਯੋਗ ਬਣਾਉਂਦੀ ਹੈ, ਅਤੇ ਸਾਰੇ ਆਸਟ੍ਰੇਲੀਆ ਵਾਸੀਆਂ ਦੀ ਰੱਖਿਆ ਕਰਦੀ ਹੈ।

## ਮਹਾਂਮਾਰੀ ਦੇ ਦੌਰਾਨ ਆਸਟ੍ਰੇਲੀਆ ਦੇ ਲੋਕਾਂ ਦਾ ਸਹਿਯੋਗ ਕਰਨਾ

ਸਰਕਾਰ COVID19 ਮਹਾਂਮਾਰੀ ਦੌਰਾਨ ਉਹਨਾਂ ਦੀ ਸਹਾਇਤਾ ਕਰਨ ਲਈ ਆਸਟ੍ਰੇਲੀਆ ਵਾਸੀਆਂ ਨੂੰ ਬੇਮਿਸਾਲ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- ਜੌਬਕੀਪਰ ਭੁਗਤਾਨ
- ਵਿਅਕਤੀਆਂ ਲਈ ਵਾਧੂ ਆਮਦਨ

- ਪੈਨਸ਼ਨਰਾਂ ਅਤੇ ਹੋਰ ਯੋਗ ਭੁਗਤਾਨ ਪ੍ਰਾਪਤ ਕਰਨ ਵਾਲਿਆਂ ਵਾਸਤੇ ਦੋ ਵਾਧੂ ਆਰਥਿਕ ਸਹਾਇਤਾ ਭੁਗਤਾਨ
- ਸੁਪਰਐਨੂਏਸ਼ਨ ਤੱਕ ਆਰਜ਼ੀ ਪਹੁੰਚ

## ਤੁਹਾਡਾ ਭਵਿੱਖ, ਤੁਹਾਡੀ ਸੁਪਰ

ਸਰਕਾਰ ਆਸਟ੍ਰੇਲੀਆ ਵਾਸੀਆਂ ਨੂੰ ਆਪਣੀਆਂ ਰਿਟਾਇਰਮੈਂਟ ਬੱਚਤਾਂ ਨੂੰ ਵਧਾਉਣ ਲਈ ਉਹਨਾਂ ਵਾਸਤੇ ਸੁਪਰ ਦੇ ਪੈਸਿਆਂ ਦੁਆਰਾ ਜ਼ਿਆਦਾ ਕਮਾਈ ਕਰਵਾਉਣ ਲਈ ਵਚਨਬੱਧ ਹੈ।

ਸਰਕਾਰ ਦਾ *ਤੁਹਾਡਾ ਭਵਿੱਖ, ਤੁਹਾਡੀ ਸੁਪਰ* ਸੁਧਾਰ ਸਰਕਾਰ ਦੇ ਸੁਧਾਰ ਏਜੰਡੇ ਦਾ ਅਗਲਾ ਪੜਾਅ ਹੈ, ਅਤੇ ਅਗਲੇ ਦਹਾਕੇ ਦੌਰਾਨ ਆਸਟ੍ਰੇਲੀਆ ਦੇ ਲੋਕ $17.9 ਬਿਲੀਅਨ ਦੀ ਬੱਚਤ ਕਰਦੇ ਹੋਏ ਵਿਖਾਈ ਦੇਣਗੇ।

## ਆਸਟ੍ਰੇਲੀਆ ਦੇ ਲੋਕਾਂ ਨੂੰ ਸੁਰੱਖਿਅਤ ਰੱਖਣਾ

ਆਸਟ੍ਰੇਲੀਆ ਦੀ ਸਾਈਬਰ ਸੁਰੱਖਿਆ ਸਮਰੱਥਾ ਮਜ਼ਬੂਤ ਹੈ, ਪਰ ਜਿੰਨ੍ਹਾਂ ਖਤਰਿਆਂ ਦਾ ਸਾਹਮਣਾ ਸਾਨੂੰ ਔਨਲਾਈਨ ਕਰਨਾ ਪੈਂਦਾ ਹੈ, ਉਹ ਵੱਧ ਰਹੇ ਹਨ। COVID-19 ਨੇ ਇਸ ਗੱਲ ਨੂੰ ਉਜਾਗਰ ਕੀਤਾ ਹੈ, ਕਿ ਅਸੀਂ ਕਿੰਨਾ ਜ਼ਿਆਦਾ ਔਨਲਾਈਨ ਰਹਿੰਦੇ ਹਾਂ ਅਤੇ ਕੰਮ ਕਰਦੇ ਹਾਂ। 2020 ਦੀ ਸਾਈਬਰ ਸੁਰੱਖਿਆ ਰਣਨੀਤੀ ਨੂੰ ਲਾਗੂ ਕਰਨ ਲਈ ਸਰਕਾਰ $201.5 ਮਿਲੀਅਨ ਵਾਧੂ ਪ੍ਰਦਾਨ ਕਰੇਗੀ।

ਸਰਕਾਰ ਉਹਨਾਂ ਲੋਕਾਂ ਦੀ ਸਹਾਇਤਾ ਕਰ ਰਹੀ ਹੈ, ਜੋ ਵੱਧ ਰਹੇ ਗੁੰਝਲਦਾਰ ਖਤਰੇ ਵਾਲੇ ਵਾਤਾਵਰਣ ਵਿੱਚ ਸਾਨੂੰ ਸੁਰੱਖਿਅਤ ਰੱਖ ਰਹੇ ਹਨ, ਆਸਟ੍ਰੇਲੀਆ ਦੇ ਲੋਕਾਂ ਨੂੰ ਸੁਰੱਖਿਅਤ ਰੱਖਣ ਦੀ ਆਪਣੀ ਸਮਰੱਥਾ ਨੂੰ ਮਜ਼ਬੂਤ ਕਰਨ ਲਈ AFP ਨੂੰ $300.2 ਮਿਲੀਅਨ ਦੀ ਵਚਨਬੱਧਤਾ ਦਿੱਤੀ ਜਾ ਰਹੀ ਹੈ।

## ਸਾਡੇ ਖੇਤਰ ਨੂੰ ਸਹਿਯੋਗ ਕਰਨਾ

ਪ੍ਰਸ਼ਾਂਤ ਅਤੇ ਦੱਖਣ-ਪੂਰਬੀ ਏਸ਼ੀਆ ਦੀ ਸਥਿਰਤਾ, ਖੁਸ਼ਹਾਲੀ ਅਤੇ ਲਚਕਦਾਰਤਾ ਵਿੱਚ ਆਸਟ੍ਰੇਲੀਆ ਦੀ ਡੂੰਘੀ ਅਤੇ ਸਥਾਈ ਦਿਲਚਸਪੀ ਹੈ, ਜੋ ਪ੍ਰਸ਼ਾਂਤ ਸਟੈੱਪ-ਅੱਪ ਅਤੇ ਹੋਰ ਪਹਿਲਕਦਮੀਆਂ ਵਿੱਚ ਝਲਕਦੀ ਹੈ। ਸਰਕਾਰ ਸਾਡੇ ਖੇਤਰ ਵਿੱਚ ਮੁੜ-ਬਹਾਲੀ ਨੂੰ ਯਕੀਨੀ ਬਣਾ ਰਹੀ ਹੈ:

- ਪ੍ਰਸ਼ਾਂਤ ਅਤੇ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਵਿੱਚ COVID-19 ਵੈਕਸੀਨ ਤੱਕ ਪਹੁੰਚ ਅਤੇ ਸਿਹਤ ਸੁਰੱਖਿਆ ਪ੍ਰੋਗਰਾਮ ਵਿੱਚ ਨਿਵੇਸ਼ ਕਰਨਾ।
- ਪ੍ਰਸ਼ਾਂਤ ਲਈ ਆਸਟ੍ਰੇਲੀਅਨ ਬੁਨਿਆਦੀ ਢਾਂਚੇ ਲਈ ਫੰਡਾਂ ਦੀ ਸੁਵਿਧਾ
- COVID-19 ਮੁੜ-ਬਹਾਲੀ – ਪ੍ਰਸ਼ਾਂਤ ਅਤੇ ਤਿਮੋਰ-ਲੈਸਟੇ ਲਈ ਸਹਾਇਤਾ
- ਦੱਖਣ-ਪੱਛਮੀ ਪ੍ਰਸ਼ਾਂਤ ਵਿੱਚ ਸੁਰੱਖਿਆ ਢਾਂਚੇ ਦੇ ਪ੍ਰੋਜੈਕਟਾਂ ਨੂੰ ਚਲਾਉਣਾ